

# ਸੁਰੱਖਿਅਤ ਵਲੰਟਰੀ ਆਇਸੋਲੇਸ਼ਨ ਸਾਈਟ ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲ

## ਸੁਰੱਖਿਅਤ ਵਲੰਟਰੀ ਆਇਸੋਲੇਸ਼ਨ ਸਾਈਟ ਕੀ ਹੈ?

ਆਇਸੋਲੇਸ਼ਨ ਸਾਈਟ ਤੁਹਾਡੇ ਲਈ ਆਰਾਮ ਕਰਨ ਅਤੇ ਠੀਕ ਹੋਣ ਵਿਚ ਮਦਦ ਕਰਨ ਲਈ ਇਕ ਸੁਰੱਖਿਅਤ ਜਗ੍ਹਾ ਹੁੰਦੀ ਹੈ, ਜੋ ਤੁਹਾਡੇ ਘਰ ਅਤੇ ਕਮਿਊਨਿਟੀ ਵਿਚ ਕੋਵਿਡ-19 ਦੇ ਪ੍ਰਸਾਰ ਨੂੰ ਘਟਾਉਣ ਵਿਚ ਮਦਦ ਕਰਦੀ ਹੈ। ਤੁਹਾਡੇ ਲਈ ਇਹ ਆਇਸੋਲੇਸ਼ਨ ਸਾਈਟ ਬਿਲਕੁਲ ਮੁਫ਼ਤ ਹੈ। ਘਰ ਜਿਹੀ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ, ਇਹ ਸਾਈਟ ਨਿਜੀ ਹੈ ਅਤੇ ਖੁਸ਼ਨੁਮਾ ਹੈ। ਇਹ ਇੱਕ ਹੋਟਲ ਹੈ, ਕੋਈ ਮੇਡਿਕਲ ਸੈਟਿੰਗ ਨਹੀਂ। ਆਇਸੋਲੇਸ਼ਨ ਸਾਈਟ 'ਤੇ, ਤੁਹਾਡੀ ਰਿਹਾਇਸ਼ ਦੇ ਦੌਰਾਨ ਆਰਾਮਦਾਇਕ ਅਤੇ ਸਹਿਯੋਗੀ ਮਹਿਸੂਸ ਕਰਨ ਵਿੱਚ ਸਹਾਇਤਾ ਕਰਨ ਲਈ ਬਹੁਤ ਸਾਰੇ ਵਿਕਲਪ ਅਤੇ ਸੇਵਾਵਾਂ ਉਪਲਬਧ ਹਨ।

ਵਧੇਰੇ ਜਾਣਕਾਰੀ ਲਈ regionofwaterloo.ca/IsolationSite ਤੇ ਜਾਓ, ਇਸ ਵੈਬਸਾਈਟ ਤੇ ਤੁਸੀਂ ਇਕ ਛੋਟੇ ਜਿਹੇ ਵੀਡੀਓ ਵਿਚ ਵੇਖ ਸਕਦੇ ਹੋ ਕਿ ਇਹ ਸਾਈਟ ਕਿਵੇਂ ਦਿੱਖਦੀ ਹੈ ਅਤੇ ਕਿਵੇਂ ਦਾ ਮਹਿਸੂਸ ਕਰਾਉਂਦੀ ਹੈ।

## ਇਸ ਲਈ ਕੌਣ ਯੋਗ ਹੈ?

**ਤੁਸੀਂ ਆਇਸੋਲੇਸ਼ਨ ਸਾਈਟ ਲਈ ਯੋਗ ਹੋ ਜੇ:**

- ❑ ਤੁਹਾਨੂੰ ਆਪਣੇ ਆਪ ਨੂੰ ਜਾਂ ਦੂਜਿਆਂ ਨੂੰ ਕੋਵਿਡ-19 ਤੋਂ ਬਚਾਉਣ ਲਈ ਖੁਦ ਨੂੰ ਆਇਸੋਲੇਟ ਕਰਨ ਦੀ ਜਰੂਰਤ ਹੈ; **ਅਤੇ**
- ❑ ਤੁਸੀਂ ਆਪਣੇ ਆਪ ਨੂੰ ਆਪਣੇ ਘਰ ਵਿਚ ਸਹੀ ਢੰਗ ਨਾਲ ਆਇਸੋਲੇਟ ਨਹੀਂ ਕਰ ਸਕਦੇ ਹੋ; **ਅਤੇ**
- ❑ ਤੁਸੀਂ ਵਾਟਰਲੂ ਖੇਤਰ ਦੇ ਇੱਕ ਵਸਨੀਕ ਹੋ; **ਅਤੇ**
- ❑ ਤੁਹਾਨੂੰ ਆਨਸਾਈਟ ਮੈਡੀਕਲ ਸਹਾਇਤਾ ਦੀ ਲੋੜ ਨਹੀਂ ਹੈ।

**ਇੱਥੇ ਹੋਰ ਆਇਸੋਲੇਸ਼ਨ ਪ੍ਰੋਗਰਾਮ ਵੀ ਉਪਲਬਧ ਹਨ:**

- ਜੇ ਤੁਸੀਂ ਬੇਘਰ ਹੋ ਰਹੇ ਹੋ, ਤਾਂ ਹਾਉਸਿੰਗ ਹੈਲਪਲਾਈਨ ਨਾਲ ਸੰਪਰਕ ਕਰੋ: **519-624-9133**.
- ਜੇ ਤੁਸੀਂ ਅੰਤਰਰਾਸ਼ਟਰੀ ਯਾਤਰਾ ਤੋਂ ਵਾਪਸ ਆ ਰਹੇ ਹੋ, ਤਾਂ ਲਾਜ਼ਮੀ ਕੁਆਰੰਟੀਨ ਬਾਰੇ ਕਨੇਡਾ ਸਰਕਾਰ ਦੀ ਜਾਣਕਾਰੀ ਵੇਖੋ: travel.gc.ca.

## ਮੈਂ ਇਸ ਦੇ ਲਈ ਕਿਵੇਂ ਆਵੇਦਨ ਕਰ ਸਕਦਾ ਹਾਂ?

**ਜੇ ਤੁਸੀਂ ਯੋਗ ਹੋ, ਤਾਂ ਤੁਸੀਂ ਹੇਠਾਂ ਦਿੱਤੇ ਆਵੇਦਨ ਅਪਲਾਈ ਕਰ ਸਕਦੇ ਹੋ:**

- ਸਾਡੇ ਵੈਬਪੇਜ ਤੇ ਆਨਲਾਈਨ ਫਾਰਮ ਨੂੰ ਭਰੋ: regionofwaterloo.ca/IsolationSite; **ਜਾਂ**
- ਆਇਸੋਲੇਸ਼ਨ ਸਾਈਟ ਟੀਮ ਨੂੰ ਕਾਲ ਕਰੋ: **226-753-3089**.

ਅਸੀਂ ਹਫਤੇ ਦੇ ਸੱਤ ਦਿਨ ਸਵੇਰੇ 9 ਵਜੇ ਤੋਂ ਸ਼ਾਮ ਦੇ 5 ਵਜੇ ਤੱਕ ਈਮੇਲਾਂ, ਫੋਨ ਕਾਲਾਂ ਅਤੇ ਐਪਲੀਕੇਸ਼ਨਾਂ ਦਾ ਜਵਾਬ ਦਿੰਦੇ ਹਾਂ।

## ਕਿਹੜੇ ਵਿਕਲਪ ਅਤੇ ਸੇਵਾਵਾਂ ਉਪਲਬਧ ਹਨ?

ਤੁਹਾਡੀ ਰਿਹਾਇਸ਼ ਦੇ ਦੌਰਾਨ ਇਹ ਸਹੂਲਤਾਂ ਸ਼ਾਮਲ ਹਨ:

- ਸਾਈਟ ਤੱਕ ਆਉਣ-ਜਾਣ ਦੀ ਯਾਤਰਾ (ਜੇ ਲੋੜ ਹੋਵੇ)
- ਰੋਜ਼ਾਨਾ ਤਿੰਨ ਵਾਰ ਦਾ ਭੋਜਨ (ਸ਼ੈੱਫ ਭੋਜਨ ਸੰਬੰਧੀ ਪਾਬੰਦੀਆਂ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕਰੇਗਾ)
- ਫੋਨ (ਸਿਰਫ ਲੋਕਲ ਕਾਲਾਂ)
- TV, Wi-Fi, ਅਤੇ ਲੈਪਟਾਪ
- ਛੋਟਾ ਰੈਫ੍ਰਿਜਰੇਟਰ
- ਪਾਣੀ, ਕੌਫੀ ਅਤੇ ਚਾਹ ਦਾ ਸਮਾਨ, ਅਤੇ ਕੌਫੀ ਮਸ਼ੀਨ
- ਸਫਾਈ ਦਾ ਸਮਾਨ ਅਤੇ ਮਾਸਕ

ਸਾਈਟ 'ਤੇ ਤੁਹਾਡੀ ਰਿਹਾਇਸ਼ ਦੇ ਦੌਰਾਨ, ਕੈਰਿਜ਼ੋਨ ਫੈਮਿਲੀ ਅਤੇ ਕਮਿਯੂਨਿਟੀ ਸੇਵਾਵਾਂ ਦਾ ਇੱਕ ਰੀਸੋਰਸ ਕੋਆਰਡੀਨੇਟਰ ਤੁਹਾਡੇ ਲਈ ਅਤੇ ਘਰ ਵਿਚ ਤੁਹਾਡੇ ਪਰਿਵਾਰ ਦੇ ਮੈਂਬਰਾਂ ਲਈ ਪਰਿਵਾਰਕ-ਕੇਂਦ੍ਰਿਤ ਸੇਵਾ ਪ੍ਰਦਾਨ ਕਰ ਸਕਦਾ ਹੈ। ਇਸ ਸੇਵਾ ਵਿਚ ਵਨ-ਟੂ-ਵਨ ਚੈੱਕ-ਇਨ ਕਾਲਾਂ ਸ਼ਾਮਲ ਹਨ, ਅਤੇ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਕਈ ਤਰ੍ਹਾਂ ਦੀਆਂ ਸੇਵਾਵਾਂ ਨਾਲ ਜੁੜਨ ਵਿਚ ਮਦਦ ਕਰਦੀ ਹੈ ਜੋ ਤੁਹਾਡੀਆਂ ਭਾਵਨਾਤਮਕ, ਅਧਿਆਤਮਕ, ਸਭਿਆਚਾਰਕ ਜਾਂ ਵਿਵਹਾਰਕ ਜ਼ਰੂਰਤਾਂ ਦਾ ਸਮਰਥਨ ਕਰ ਸਕਦੀਆਂ ਹਨ।

## ਤੁਸੀਂ ਮੇਰੇ ਤੋਂ ਕਿਹੜੀ ਜਾਣਕਾਰੀ ਲਓਂਗੇ?

ਅਸੀਂ ਤੁਹਾਡਾ ਨਾਮ, ਪਤਾ, ਈਮੇਲ ਅਤੇ ਫੋਨ ਨੰਬਰ ਪੁੱਛਾਂਗੇ। ਅਸੀਂ ਤੁਹਾਡੇ ਕੋਵਿਡ-19 ਦੇ ਜੋਖਮ ਬਾਰੇ ਵੀ ਪੁੱਛਾਂਗੇ, ਅਤੇ ਕੀ ਤੁਹਾਡਾ ਕੋਵਿਡ-19 ਦਾ ਟੈਸਟ ਪਾਜ਼ਿਟਿਵ ਆਇਆ ਹੈ। ਅਸੀਂ ਤੁਹਾਡੇ ਤੋ ਹੈਲਥ ਕਾਰਡ ਜਾਂ ਨਾਗਰਿਕਤਾ ਦੇ ਸਬੂਤ ਨਹੀ ਮੰਗਾਂਗੇ। ਤੁਹਾਨੂੰ ਉਨਟਾਰੀਓ ਹੈਲਥ ਇੰਸ਼ੋਰੈਂਸ ਪਲਾਨ (OHIP) ਜਾਂ ਇੰਟੈਰਿਮ ਫੈਡਰਲ ਹੈਲਥ ਪ੍ਰੋਗਰਾਮ (IFHP) ਦੀ ਕਵਰੇਜ ਦੀ ਜ਼ਰੂਰਤ ਨਹੀਂ ਹੈ।

## ਮੇਰੀ ਸੁਰੱਖਿਆ ਅਤੇ ਨਿੱਜਤਾ ਦੀ ਰੱਖਿਆ ਕਿਵੇਂ ਕੀਤੀ ਜਾਂਦੀ ਹੈ?

- ਆਇਸੋਲੇਸ਼ਨ ਸਾਈਟ ਦੀ ਲੋਕੇਸ਼ਨ ਜਨਤਾ ਨਾਲ ਸਾਂਝੀ ਨਹੀਂ ਕੀਤੀ ਜਾਂਦੀ।
- ਅਜਿਹੀ ਕੋਈ ਨਿਸ਼ਾਨੀ ਨਹੀਂ ਹੁੰਦੀ ਜੋ ਇਸ ਜਗ੍ਹਾ ਨੂੰ ਆਇਸੋਲੇਸ਼ਨ ਸਾਈਟ ਵਜੋਂ ਦਰਸ਼ਾ ਸਕੇ।
- ਤੁਹਾਡੇ ਬਾਰੇ ਜਾਣਕਾਰੀ ਸਿਰਫ ਉਹਨਾਂ ਲੋਕਾਂ ਨਾਲ ਸਾਂਝੀ ਕੀਤੀ ਜਾਏਗੀ ਜੋ ਤੁਹਾਡੀ ਰਿਕਵਰੀ ਵਿੱਚ ਸਹਾਇਤਾ ਕਰ ਰਹੇ ਹਨ।
- ਆਇਸੋਲੇਸ਼ਨ ਸਾਈਟ ਦੀ ਐਂਟਰੀ ਕੰਟਰੋਲ ਹੇਠ ਰੱਖੀ ਜਾਂਦੀ ਹੈ।
- ਹੋਟਲ ਦਾ ਸਟਾਫ ਹਰ ਸਮੇਂ ਸਾਈਟ ਤੇ ਹੁੰਦਾ ਹੈ।

## ਮੈਨੂੰ ਇੱਥੇ ਕਿੰਨਾ ਚਿਰ ਰਹਿਣਾ ਪਏਗਾ?

ਆਇਸੋਲੇਸ਼ਨ ਸਾਈਟ ਤੇ ਤੁਹਾਡਾ ਰੁਕਣਾ ਤੁਹਾਡੀ ਇੱਛਾ ਨਾਲ ਹੁੰਦਾ ਹੈ। ਤੁਸੀਂ ਕਿਸੇ ਵੀ ਸਮੇਂ ਇੱਥੋਂ ਜਾ ਸਕਦੇ ਹੋ ਅਤੇ ਕਿਸੇ ਹੋਰ ਲੋਕੇਸ਼ਨ 'ਤੇ ਆਪਣੀ ਸੈਲਫ-ਆਇਸੋਲੇਸ਼ਨ ਦੀ ਮਿਆਦ ਨੂੰ ਜਾਰੀ ਰੱਖਸਕਦੇ ਹੋ। ਤੁਹਾਨੂੰ ਹਮੇਸ਼ਾ 14 ਦਿਨਾਂ ਲਈ ਆਇਸੋਲੇਟ ਨਹੀਂ ਹੋਣਾ ਪੈਂਦਾ; ਇਹ ਤੁਹਾਡੀ ਸਥਿਤੀ 'ਤੇ ਨਿਰਭਰ ਕਰਦਾ ਹੈ। ਪਬਲਿਕ ਹੈਲਥ ਤੁਹਾਨੂੰ ਦੱਸ ਦੇਵੇਗੀ ਕਿ ਤੁਸੀਂ ਕਿੰਨਾ ਚਿਰ ਆਇਸੋਲੇਟਰਹਿਣਾ ਹੈ।

## ਕੀ ਤੁਸੀਂ ਮੇਰੀਆਂ ਖਾਸ ਜ਼ਰੂਰਤਾਂ ਨੂੰ ਪੂਰਾ ਕਰ ਸਕਦੇ ਹੋ?

- ਸਾਈਟ ਤੇ ਐਲੀਵੇਟਰ ਲੱਗੇ ਹੋਏ ਹਨ।
- ਜਦੋਂ ਅਸੀਂ ਤੁਹਾਡੇ ਨਾਲ ਗੱਲ ਕਰਾਂਗੇ ਤਾਂ ਅਸੀਂ ਫ਼ੋਨ ਤੇ ਇੱਕ ਅਨੁਵਾਦ ਸੇਵਾ ਦੀ ਵਰਤੋਂ ਕਰ ਸਕਦੇ ਹਾਂ।
- ਤੁਸੀਂ ਆਪਣੀ ਪਸੰਦ ਜਾਂ ਜਰੂਰਤ ਦਾ ਭੋਜਨ ਜਾਂ ਹੋਰ ਆਇਟਮਾਂ ਆਪਣੇ ਨਾਲ ਲਿਆ ਸਕਦੇ ਹੋ। ਤੁਸੀਂ ਕਿਸੇ ਹੋਰ ਨੂੰ ਵੀ ਸਾਈਟ ਤੇ ਭੋਜਨ ਅਤੇ ਆਇਟਮਾਂ ਪਹੁੰਚਾਉਣ ਲਈ ਕਹਿ ਸਕਦੇ ਹੋ।
- ਜੇ ਤੁਸੀਂ ਕਿਸੇ ਬੱਚੇ ਦੀ ਜਾਂ ਅਜੀਜ਼ ਦੀ ਦੇਖਭਾਲ ਕਰਦੇ ਹੋ ਤਾਂ ਉਹ ਵੀ ਤੁਹਾਡੇ ਨਾਲ ਆਇਸੋਲੇਟ ਹੋ ਸਕਦੇ ਹਨ।

ਜੇ ਤੁਹਾਡੀ ਕੋਈ ਹੋਰ ਸੁਲਭਤਾ ਸਬੰਧਤ ਜ਼ਰੂਰਤ ਹੈ ਤਾਂ ਕਿਰਪਾ ਕਰਕੇ ਸਾਨੂੰ ਦੱਸੋ ਅਤੇ ਅਸੀਂ ਦੇਖਾਂਗੇ ਕਿ ਅਸੀਂ ਤੁਹਾਡਾ ਸਮਰਥਨ ਕਿਵੇਂ ਕਰ ਸਕਦੇ ਹਾਂ।

## ਆਇਸੋਲੇਸ਼ਨ ਸਾਈਟ 'ਤੇ ਕਿਹੜੇ "ਨਿਯਮ" ਹਨ?

- ਆਇਸੋਲੇਸ਼ਨ ਦੇ ਦੌਰਾਨ, ਤੁਹਾਨੂੰ ਆਪਣੇ ਕਮਰੇ ਵਿਚ ਰਹਿਣਾ ਹੋਵੇਗਾ।
- ਜੇ ਤੁਸੀਂ ਸਿਗਰਟ ਪੀਂਦੇ ਹੋ, ਤਾਂ ਇਸਦੇ ਲਈ ਬਾਹਰ ਇਕ ਸੁਰੱਖਿਅਤ ਜਗ੍ਹਾ ਹੈ। ਕਮਰਿਆਂ ਵਿਚ ਸਿਗਰਟ ਪੀਣ ਦੀ ਆਗਿਆ ਨਹੀਂ ਹੈ।
- ਤੁਹਾਡੇ ਕੋਲ ਕੋਈ ਮੁਲਾਕਾਤੀ ਨਹੀਂ ਆ ਸਕਦੇ, ਪਰ ਤੁਸੀਂ ਆਪਣੇ ਦੋਸਤਾਂ, ਪਰਿਵਾਰ ਅਤੇ ਕਮਿਉਨਿਟੀ ਸੇਵਾਵਾਂ ਨਾਲ ਸੰਪਰਕ ਕਰਨ ਲਈ ਪ੍ਰਦਾਨ ਕੀਤੇ ਗਏ ਫੋਨ, Wi-Fi, ਅਤੇ ਲੈਪਟਾਪ ਦੀ ਵਰਤੋਂ ਕਰ ਸਕਦੇ ਹੋ।
- ਜੇ ਤੁਸੀਂ ਇਕ ਵਾਰ ਆਇਸੋਲੇਸ਼ਨ ਸਾਈਟ ਤੋਂ ਚਲੇ ਜਾਂਦੇ ਹੋ, ਤਾਂ ਤੁਸੀਂ ਦੁਬਾਰਾ ਇਸ ਵਿਚ ਦਾਖਲ ਨਹੀਂ ਹੋ ਸਕੋਗੇ। ਸਾਈਟ ਕੋਆਰਡੀਨੇਟਰ ਦੀ ਮਨਜ਼ੂਰੀ ਨਾਲ ਬਾਹਰ ਜਾਣ ਦੀ ਸਥਿਤੀ ਨੂੰ ਇਸ ਨਿਯਮ ਤੋਂ ਛੋਟ ਹੈ, ਜਿਵੇਂ ਕਿ ਕੋਵਿਡ-19 ਟੈਸਟਿੰਗ ਕਰਵਾਉਣ ਲਈ, ਜਾਂ ਕਿਸੇ ਹੋਰ ਮਨਜ਼ੂਰੀਸ਼ੁਦਾ ਕਾਰਨ ਤੋਂ ਬਾਹਰ ਜਾਣਾ।

## ਆਇਸੋਲੇਸ਼ਨ ਸਾਇਟ ਤੇ ਰਹਿੰਦੇ ਹੋਏ ਦੂਜੇ ਲੋਕਾਂ ਦੇ ਕੀ ਤਜ਼ਰਬੇ ਹੋਏ ਹਨ?

"… ਇਸ ਸਮੇਂ ਦੌਰਾਨ ਹਰ ਕੋਈ ਮੇਰੇ ਅਤੇ ਮੇਰੇ ਪਰਿਵਾਰ ਲਈ ਬਹੁਤ ਮਦਦਗਾਰ, ਵਿਵਸਥਿਤ ਅਤੇ ਰਹਿਮਦਿਲ ਸੀ…"

"ਧਿਆਨ ਕਰਣ ਅਤੇ ਇਸ ਸੇਵਾ ਦੀ ਪੇਸ਼ਕਸ਼ ਕਰਨ ਲਈ ਰੀਜਨ ਦਾ ਧੰਨਵਾਦ। ਆਸਾਨ ਪ੍ਰਕਿਰਿਆ। ਮੈਂ ਸੁਰੱਖਿਅਤ ਮਹਿਸੂਸ ਕੀਤਾ ਅਤੇ ਮੇਰੀ ਦੇਖਭਾਲ ਹੋਈ। ਕੁਲ ਮਿਲਾ ਕੇ ਇਹ ਇੱਕ ਚੰਗਾ ਤਜਰਬਾ ਸੀ।"

ਇਹ ਪ੍ਰਾਜੈਕਟ ਕੈਨੇਡਾ ਦੀ ਪਬਲਿਕ ਹੈਲਥ ਏਜੰਸੀ ਦੀ ਫੰਡਿੰਗ ਨਾਲ ਸੰਭਵ ਹੋਇਆ ਹੈ।
Ce projet est rendu possible grâce au financement de l'Agence de la santé publique du Canada.

129668 04/26/2021

Region of Waterloo
PUBLIC HEALTH AND EMERGENCY SERVICES

regionofwaterloo.ca/IsolationSite